# ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ.ਸਿ.) ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਚੌਥੀ ਮੰਜਿਲ,

ਫੇਜ਼-8, ਐੱਸ.ਏ.ਐੱਸ. ਨਗਰ (ਮੋਹਾਲੀ)

ਵੱਲ.

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪੰਜਾਬ,

ਸਮੂਹ ਸਕੂਲ ਮੁਖੀ/ਇੰਚਾਰਜ (ਵੈੱਬ ਸਾਇਟ ਰਾਹੀਂ),

ਪੰਜਾਬ।

ਮੀਮੋ ਨੰ. 2025341542 ਮਿਤੀ: 20-11-2025

ਵਿਸ਼ਾ : **ਪੰਜਾਬ ਰਾਜ ਦੇ NON SOE ਅਤੇ PM SHREE ਸਕੂਲਾਂ ਦੇ 12ਵੀਂ ਜਮਾਤ ਦੇ ਸਾਇੰਸ, ਮੈਥ ਵਿਸ਼ੇ ਦੇ ਵਿਦਿਆਰਥੀਆਂ ਲਈ JEE MAINS / NEET Exam ਦੀ ਪ੍ਰਤੀਯੋਗੀ ਪ੍ਰੀਖਿਆ ਦੀ ਤਿਆਰੀ ਕਰਵਾਉਣ ਲਈ AVANTI FELLOW ਵੱਲੋਂ ਮਿਤੀ 21-11-2025 ਅਤੇ 22-11-2025 ਨੂੰ Test ਕੰਡਕਟ ਕਰਵਾਉਣ ਸਬੰਧੀ।**

1..0 **JEE MAINS Entrance Exam 2026 ਸੈਸ਼ਨ-1 Application form filling**

I. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ NTA ਵਲੋਂ ਪ੍ਰਕਾਸ਼ਿਤ Public Notice ਰਾਹੀਂJEE MAINS Entrance Exam 2026 ਸੈਸ਼ਨ-1 January 2026 ਦੇ ਫਾਰਮ 31 ਅਕਤੂਬਰ ਤੋਂ 27 ਨਵੰਬਰ ਤੱਕ ਭਰੇ ਜਾ ਰਹੇ ਹਨ, Exam ਦੀ ਮਿਤੀ 21 ਜਨਵਰੀ 2026 ਤੋਂ 30 ਜਨਵਰੀ 2026 ਹੈ।

II. **JEE MAINS Entrance Exam 2026 ਸੈਸ਼ਨ-1 ਦੇ ਐਪਲੀਕੇਸ਼ਨ ਫਾਰਮ ਭਰਨ ਦੀ ਆਖਰੀ ਮਿਤੀ 27 ਨਵੰਬਰ 2025 ਹੈ । ਇਸ ਲਈ SC category ਵਾਲੇ ਅਤੇ ਹੋਰ ਯੋਗ ਵਿਦਿਆਰਥੀਆਂ ਨੂੰ Motivate ਕਰਦੇ ਹੋਏ JEE MAINS Entrance Exam ਤੁਰੰਤ fill ਕਰਵਾਏ ਜਾਣ ।**

III. ਲੈਕਚਰਾਰਜ਼ ਵੱਲੋਂ ਫਾਰਮ ਭਰਨ ਸਬੰਧੀ ਗਾਈਡਲਾਈਨਜ਼ ਦੀ ਵੀਡੀਓ ਆਪ ਜੀ ਨਾਲ ਸਾਂਝੀ ਕੀਤੀ ਜਾ ਚੁੱਕੀ ਹੈ। ਲੈਕਚਰਾਰਜ਼ ਵੱਲੋਂ ਪੂਰਨ ਜਾਣਕਾਰੀ ਲੈਂਦੇ ਹੋਏ ਵਿਦਿਆਰਥੀਆਂ ਦੇ ਜਨਵਰੀ JEE ਪ੍ਰੀਖਿਆ ਲਈ ਐਪਲੀਕੇਸ਼ਨ ਫਾਰਮ ਭਰਨੇ ਯਕੀਨੀ ਬਣਾਏ ਜਾਣ।

IV. JEE MAINS Entrance Exam Registration Link: https://jeemain.nta.nic.in/registration-for-jeemain-2026-session-1-is-live/

V. ਆਪਣੇ ਸਕੂਲ ਦੇ JEE MAINS ਜਨਵਰੀ ਵਿੱਚ ਅਪੀਅਰ ਹੋ ਰਹੇ ਇਹਨਾਂ ਵਿਦਿਆਰਥੀਆਂ ਦੀ ਸੂਚਨਾ ਭੇਜੇ ਜਾ ਰਹੇ ਗੂਗਲ ਫਾਰਮ ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ। ਸੂਚਨਾ ਭਰਨ ਲਈ ਗੂਗਲ ਫਾਰਮ ਦਾ ਲਿੰਕ :- https://docs.google.com/forms/d/e/1FAIpQLSd7smdRAgNv7OSC5eFGbfnDBmBY4gkh5livfL3alFoej1tAVw/viewform?usp=sharing

2.0 **Mock Test**

**Syllabus: Full Syllabus (Grade 12)**

12ਵੀਂ ਜਮਾਤ ਦੇ ਵਿਦਿਆਰਥੀਆਂ ਦੇ JEE ਅਤੇ NEET ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਹਿੱਤ ਅਤੇ ਵਿਦਿਆਰਥੀਆਂ ਦੀ ਪ੍ਰਫੋਰਮੈਂਸ ਦੇਖਣ ਲਈ ਮਿਤੀ 21-11-2025 ਅਤੇ 22-11-2025 ਨੂੰ **AVANTI FELLOW** (ਸਮਾਂ 3 ਘੰਟੇ) ਵੱਲੋਂ Mock Test ਲਿਆ ਜਾ ਰਿਹਾ ਹੈ ਅਤੇ ਇਹ Mock Test ਦੋ ਦਿਨਾਂ ਲਈ Open ਰਹੇਗਾ।

3.0 **Mock Test ਲਿੰਕ ਦੀ ਉਪਲੱਬਧਤਾ :**

**Mock Test ਦੇਣ ਲਈ ਇਸ ਲਿੰਕ ਤੇ ਕਲਿੱਕ ਕੀਤਾ ਜਾਵੇ:-**

**Test Links:-** 1) JEE: https://lnk.avantifellows.org/spZG (JEE ਪ੍ਰੀਖਿਆ ਲਈ ਲਿੰਕ)

2) NEET: https://lnk.avantifellows.org/K0y6 (NEET ਪ੍ਰੀਖਿਆ ਲਈ ਲਿੰਕ)

**How to Login:-** Login ਕਰਨ ਲਈ ਵਿਦਿਆਰਥੀ ਆਪਣਾ 8 Digit ਦਾ e-punjab ID ਨੰਬਰ ਭਰਨਗੇ। ਜੇਕਰ ID 7 Digit ਦਾ ਹੈ ਤਾਂ ਸ਼ੁਰੂਆਤ ਵਿੱਚ 0 ਲਗਾ ਕੇ 8 Digit ਦਾ ਬਣਾਉਣਗੇ। (To log in, students will use 8 digit ePunjab ID (add a '0' in the beginning if ID is 7 digits).

**ਟੈਸਟ ਸ਼ੁਰੂ ਹੋਣ ਦਾ ਸਮਾਂ :** ਸਵੇਰੇ 09:00 ਵਜੇ, ਮਿਤੀ 21-11-2025

**ਟੈਸਟ ਸਮਾਪਤੀ ਦਾ ਸਮਾਂ :** ਰਾਤ 11:00 ਵਜੇ, ਮਿਤੀ 22-11-2025

ਵਿਦਿਆਰਥੀ ਵੱਲੋਂ 3 ਘੰਟੇ ਦਾ ਟੈਸਟ ਸਿਰਫ ਇੱਕ ਵਾਰ Attempt ਕੀਤਾ ਜਾਣਾ ਹੈ। ਇਸ ਟੈਸਟ ਨੂੰ Attempt ਕਰਨ ਸਬੰਧੀ ਗਾਈਡਲਾਈਨ ਦੀ ਵੀਡੀਓ ਆਪ ਜੀ ਨਾਲ ਵੱਟਸਐਪ ਗਰੁੱਪ ਰਾਹੀਂ ਸਾਂਝੀ ਕੀਤੀ ਜਾ ਚੁੱਕੀ ਹੈ।

4.0 **ਵਿਦਿਆਰਥੀਆਂ ਅਤੇ ਲੈਕਚਰਾਰਜ਼ ਲਈ ਹਦਾਇਤਾਂ :**

- ਅਗਰ ਉਪਰੋਕਤ ਲਿੰਕ ਰਾਹੀਂ ਵਿਦਿਆਰਥੀ Login ਨਹੀਂ ਕਰ ਪਾ ਰਿਹਾ ਤਾਂ ਇਸ ਲਿੰਕ ਨੂੰ ਵਰਤਿਆ ਜਾਵੇ : ਇਸ ਲਿੰਕ ਤੇ ਕਲਿੱਕ ਕੀਤਾ ਜਾਵੇ : https://tinyurl.com/2z8we6fx
- ਟੈਸਟ ਦੇਣ ਲਈ ਸਮਾਂ 3 ਘੰਟੇ, ਵਿਦਿਆਰਥੀ ਟੈਸਟ ਦੇਣ ਸਮੇਂ Login ਜਾਂ Logout ਨਹੀਂ ਕਰ ਸਕੇਗਾ। ਟੈਸਟ ਦੇਣ ਲਈ ਵਿਦਿਆਰਥੀ ਤਿੰਨ ਘੰਟੇ ਲਈ ਲਗਾਤਾਰ Login ਰਹੇ।
- ਟੈਸਟ ਹੋਣ ਉਪਰੰਤ ਸਕੂਲਾਂ ਨਾਲ Comprehensive Performance Report ਸਾਂਝੀ ਕੀਤੀ ਜਾਵੇਗੀ। ਜਿਸ ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ, ਕੁਆਲੀਫਿਕੇਸ਼ਨ ਆਦਿ ਸ਼ਾਮਿਲ ਹੋਵੇਗਾ।
- ਇਹਨਾਂ ਟੈਸਟਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਅਤੇ ਸਮੇਂ-ਸਿਰ ਵਿਦਿਆਰਥੀਆਂ ਨੂੰ ਟੈਸਟ ਅਤੇ ਲਿੰਕ ਬਾਰੇ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ਸਬੰਧਤ ਸਕੂਲਾਂ ਦੀ ਹੋਵੇਗੀ। ਸਕੂਲਾਂ ਵੱਲੋਂ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਸਾਰੇ 12ਵੀਂ ਜਮਾਤ ਦੇ ਸਾਇੰਸ ਦੇ ਵਿਦਿਆਰਥੀ ਇਹਨਾਂ ਮਾਕ ਟੈਸਟਾਂ ਵਿੱਚ ਭਾਗ ਲੈਣ ਅਤੇ ਟੈਸਟ ਦੌਰਾਨ ਕਿਸੇ Unfair Means ਦੀ ਵਰਤੋਂ ਨਾ ਹੋਵੇ।

5.0 **Mock Test ਦੇਣ ਲਈ ਡਿਵਾਇਸ :**

ਟੈਸਟ ਲੈਣ ਲਈ ਸਕੂਲਾਂ ਦੀਆਂ ਕੰਪਿਊਟਰ ਲੈਬਾਂ ਦੀ ਵਰਤੋਂ ਨੂੰ ਪਹਿਲ ਦਿੱਤੀ ਜਾਵੇ। ਜੇਕਰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ Working condition ਵਿੱਚ ਕੰਪਿਊਟਰ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਕੇਵਲ ਟੈਸਟ ਦੇ ਨਿਰਧਾਰਿਤ ਦਿਨਾਂ ਲਈ ਵਿਦਿਆਰਥੀਆਂ ਨੂੰ ਆਪਣੇ ਨਿੱਜੀ ਮੋਬਾਇਲ ਫੋਨ/ਲੈਪਟਾਪ/ਟੈਬ ਮੰਗਵਾਇਆ ਜਾ ਸਕਦਾ ਹੈ ਪ੍ਰੰਤੂ ਸਵੇਰੇ ਦੀ ਸਭਾ ਵਿੱਚ ਫਿਜੀਕਸ, ਕਮਿਸਟਰੀ, ਬਾਇਓ ਅਤੇ ਮੈਥ ਲੈਕਚਰਾਰ ਅਤੇ ਕਲਾਸ ਇੰਚਾਰਜ ਵੱਲੋਂ ਇਹ ਫੋਨ ਵਿਦਿਆਰਥੀਆਂ ਤੋਂ ਕੁਲੈਕਟ ਕਰ ਲਏ ਜਾਣ। ਇਹ ਫੋਨ/ਡਿਵਾਇਸ ਪ੍ਰੈਕਟਿਸ ਟੈਸਟ/ਮਾਕ ਟੈਸਟ ਕਰਵਾਉਣ ਸਮੇਂ ਹੀ ਵਿਦਿਆਰਥੀਆਂ ਨੂੰ ਦਿੱਤੇ ਜਾਣ। ਮਾਕ ਟੈਸਟ ਖਤਮ ਹੋਣ ਉਪਰੰਤ ਫਿਰ ਵਿਦਿਆਰਥੀਆਂ ਤੋਂ ਵਾਪਸ ਲੈ ਲਏ ਜਾਣ ਅਤੇ ਸਕੂਲ ਸਮੇਂ ਤੋਂ ਛੁੱਟੀ ਸਮੇਂ ਹੀ ਵਿਦਿਆਰਥੀਆਂ ਨੂੰ ਘਰ ਲੈ ਜਾਣ ਲਈ ਵਾਪਸ ਦਿੱਤੇ ਜਾਣ ਤਾਂ ਜੋ ਇਹਨਾਂ ਫੋਨ/ਡਿਵਾਇਸਾਂ ਦੀ ਦੁਰਵਰਤੋਂ ਨਾ ਹੋ ਸਕੇ।

6.0 ਇਸ ਤੋਂ ਇਲਾਵਾ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਵੱਲੋਂ ਇਹਨਾਂ ਟੈਸਟਾਂ ਨੂੰ ਸੁਚਾਰੂ ਢੰਗ ਨਾਲ ਕੰਡਕਟ ਕਰਨ ਲਈ ਫਿਜੀਕਸ, ਕਮਿਸਟਰੀ, ਬਾਇਓ ਅਤੇ ਮੈਥ ਲੈਕਚਰਾਰ ਦੀ ਡਿਊਟੀ ਲਗਾਈ ਜਾਵੇ।

6.1 ਸਕੂਲਾਂ ਵੱਲੋਂ ਇਹਨਾਂ ਮਾਕ ਟੈਸਟਾਂ ਸਬੰਧੀ **ਕਿਸੇ ਵੀ ਸਮੱਸਿਆ ਦੇ ਨਿਪਟਾਰੇ ਲਈ 9643217020 ਤੇ ਸੰਪਰਕ ਕੀਤਾ ਜਾ ਸਕਦਾ ਹੈ।** ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਿਵਾਰਨ ਲਈ support form: https://tinyurl.com/28tkhfhs ਭਰਿਆ ਜਾਵੇ।

7.0 ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਗੁਰਿੰਦਰ ਸਿੰਘ ਸੋਢੀ (ਪੀ.ਸੀ.ਐੱਸ.)
ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.), ਪੰਜਾਬ।

ਪਿੱਠ ਅੰਕਣ ਨੰ. ਉਕਤ — ਮਿਤੀ, ਉਕਤ ਐਸ.ਏ.ਐਸ.ਨਗਰ:

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ।
2. ਪੀ.ਏ.ਟੂ ਮਾਨਯੋਗ ਵਧੀਕ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ।
3. ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਪੰਜਾਬ ਜੀ।
4. ਸਮੂਹ PDMs (PCMB) ਡੀ.ਈ.ਓਜ਼ ਰਾਹੀਂ ਇਹ ਪੱਤਰ ਭੇਜਦੇ ਹੋਏ ਲਿਖਿਆਂ ਜਾਂਦਾ ਹੈ ਕਿ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ ਨੋਟ ਕਰਵਾਉਂਦੇ ਹੋਏ ਮਾਕ ਟੈਸਟਾਂ ਦਾ ਸਮੇਂ-ਸਿਰ ਲੈਣਾ ਅਤੇ 12ਵੀਂ ਜਮਾਤ ਦੇ ਸਾਇੰਸ ਦੇ ਵਿਦਿਆਰਥੀਆਂ ਦਾ ਇਹਨਾਂ ਟੈਸਟਾਂ ਵਿੱਚ ਭਾਗੀਦਾਰੀ ਯਕੀਨੀ ਬਣਾਈ ਜਾਵੇ।
5. ਪ੍ਰੋਗਰਾਮ ਮੈਨੇਜਮੈਂਟ ਯੂਨਿਟ (PMU)

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਫ਼ਿਰੋਜ਼ਪੁਰ

ਪਿੱਠ ਅੰਕਣ ਨੰ ... 2024/4961 ਮਿਤੀ 21/11/24

[illegible]

[signature] 20/11/24

ਸਹਾਇਕ ਡਾਇਰੈਕਟਰ
ਅਤੇ
ਸਟੇਟ ਸਾਇੰਸ ਸੀਨੀਅਰ ਸੈਕੰਡਰੀ ਕੋਆਰਡੀਨੇਟਰ
(ਫਿਜੀਕਸ, ਕਮਿਸਟਰੀ, ਬਾਇਓ)

[handwritten signatures and initials] 21/11/24